# ਪਾਠਾਂ ਦੀ ਜਾਣ-ਪਛਾਣ

ਜਿਨ੍ਹਾਂ ਨੂੰ ਇਹ ਸਿੱਖਣ ਦੀ ਲੋੜ ਹੈ ਕਿ ਬਚਾਏ ਜਾਣ ਲਈ ਕੀ ਕਰੀਏ, ਉਨ੍ਹਾਂ ਨਾਲ ਅਧਿਐਨ ਸ਼ੁਰੂ ਕਰਨ ਲਈ ਇਸ *ਗਾਈਡ* ਵਿਚ ਦਿੱਤੇ ਅੱਠ ਪਾਠ ਅਹਿਮ ਹਨ। ਤਰਕਸੰਗਤ ਢੰਗ ਨਾਲ ਇਕ ਦੇ ਬਾਅਦ ਇਕ, ਤਰਤੀਬ ਅਨੁਸਾਰ ਉਨ੍ਹਾਂ ਦੀ ਵਰਤੋਂ ਲਾਭਦਾਇਕ ਢੰਗ ਨਾਲ ਕੀਤੀ ਜਾ ਸਕਦੀ ਹੈ। ਪਰ ਟੀਚਰ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਸਿੱਖਣ ਵਾਲਾ ਪਹਿਲੇ ਤਿੰਨ ਪਾਠਾਂ ਨੂੰ ਸਮਝ ਗਿਆ ਹੈ ਅਤੇ ਉਨ੍ਹਾਂ ਤੇ ਵਿਸ਼ਵਾਸ ਕਰਦਾ ਹੈ ਅਤੇ ਹੁਣ ਉਸਨੂੰ ਪਾਠ 4 ਭਾਵ ''ਬਚਾਏ ਜਾਣ'' ਤੇ ਪਾਠ ਪੜ੍ਹਾਉਣ ਦੀ ਲੋੜ ਹੈ।

ਧਾਰਮਿਕ ਮਾਮਲਿਆਂ ਦੇ ਨਾਜ਼ੁਕ ਹੋਣ ਕਰਕੇ ਕਦੇ-ਕਦੇ ਅਗਲੇ ਅਧਿਐਨ ਲਈ ਇਕ ਅਧਾਰ ਤਿਆਰ ਕਰਨ ਵਾਲੇ ਪਾਠਾਂ ਨਾਲ ਸ਼ੁਰੂਆਤ ਕਰਨਾ ਲਾਜ਼ਮੀ ਹੁੰਦਾ ਹੈ। ਹੋ ਸਕਦਾ ਹੈ ਕਿ ਸਿੱਖਣ ਵਾਲੇ ਨੂੰ ਸ਼ੁਰੂਆਤੀ ਪਾਠਾਂ ਨਾਲ ਸਮਝ ਨਾ ਆਵੇ ਕਿ ਬਚਾਏ ਜਾਣ ਲਈ ਉਹਨੂੰ ਕੀ ਕਰਨ ਦੀ ਲੋੜ ਹੈ, ਪਰ ਇਨ੍ਹਾਂ ਨਾਲ ਸਿਖਿਆਰਥੀ ਨੂੰ ਬਾਈਬਲ ਦਾ ਢੰਗ ਦੱਸਣ ਵਿਚ ਮਦਦ ਮਿਲ ਸਕਦੀ ਹੈ ਜੋ ਸੱਚਾਈ ਨੂੰ ਸਿਖਾਉਣ ਲਈ ਬਾਅਦ ਵਿਚ ਫ਼ਾਇਦੇਮੰਦ ਹੋਵੇਗੀ। ਨਹੀਂ ਤਾਂ ਬੁਨਿਆਦੀ ਸਚਿਆਈਆਂ ਦੀ ਸਮਝ ਨਾ ਹੋਣ ਕਰਕੇ ਬਾਅਦ ਵਿਚ ਉਹ ਉਸ ਨਾਲ ਅਸਹਿਮਤ ਹੋ ਸਕਦਾ ਹੈ।

ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਕਿਸੇ ਵੀ ਪਾਠ ਦੇ ਅਧਿਐਨ ਤੋਂ ਪਹਿਲਾਂ ਸਭ ਪਾਠਾਂ ਨੂੰ ਸਮਝ ਲਵੇ, ਤਾਂ ਜੋ ਉਸਨੂੰ ਪਤਾ ਲਗ ਜਾਵੇ ਕਿ ਉਸਨੂੰ ਓਨ੍ਹਾਂ ਪਾਠਾਂ ਨੂੰ ਕਿਵੇਂ ਤਰਤੀਬ ਅਨੁਸਾਰ ਪੇਸ਼ ਕਰਨਾ ਹੈ। ਇਸ ਗਾਈਡ ਦੇ ਅੱਠ ਪਾਠ ਹੇਠਾਂ ਦਿੱਤੇ ਗਏ ਵਿਚਾਰਾਂ ਨੂੰ ਰੇਲਗੱਡੀ ਵਾਂਗ ਅੱਗੇ ਵਧਾਉਂਦੇ ਹਨ।

ਪਾਠ 1. ''ਪਾਪ ਅਤੇ ਮੌਤ ਕਿੱਥੋਂ ਆਏ?'' ਪਾਠ ਵਿਚ ਦੱਸਿਆ ਗਿਆ ਹੈ ਕਿ ਬਾਗ਼-ਏ-ਅਦਨ ਵਿਚ ਕੀ ਹੋਇਆ, ਜਿਸ ਕਰਕੇ ਖ਼ੁਦਾ ਨੂੰ ਆਪਣੀ ਬਣਾਈ ਹੋਈ ਸ੍ਰਿਸ਼ਟੀ ਨੂੰ ਸਰਾਪ ਦੇਣਾ ਪਿਆ। ਟੀਚਰ ਇਸ ਪਾਠ ਵਿੱਚੋਂ ਸਮਝ ਸਕਦਾ ਹੈ ਕਿ ਆਦਮ ਅਤੇ ਹੱਵਾਹ ਦੇ ਭਲਾਈ ਅਤੇ ਬੁਰਾਈ ਦੇ ਗਿਆਨ ਦਾ ਫਲ ਖਾਣ ਕਰਕੇ ਪਾਪ ਇਸ ਸੰਸਾਰ ਵਿਚ ਆਇਆ ਅਤੇ ਉਸ ਰੁੱਖ ਦਾ ਫਲ ਖਾਣ ਨਾਲ ਮਨੁੱਖ ਜਾਤੀ ਉੱਤੇ ਭਲਿਆਈ ਅਤੇ ਬੁਰਿਆਈ ਦੀ ਮੁਸ਼ਕਿਲ ਆਈ। ਪਰ ਨਵਜੰਮਿਆ ਬੱਚਾ ਪੈਦਾਇਸ਼ੀ ਪਾਪੀ ਨਹੀਂ ਹੁੰਦਾ। ਇਸਦਾ ਗਿਆਨ ਉਨ੍ਹਾਂ ਨੂੰ ਬਾਅਦ ਵਿਚ ਮਿਲਦਾ ਹੈ।

ਪਾਠ 2. ''ਖ਼ੁਦਾ ਦੀ ਯੋਜਨਾ ਕੀ ਹੈ?'' ਪਾਠ ਵਿਚ ਅਬਰਾਹਾਮ ਨੂੰ ਇਕ ਵੱਡੀ ਕੌਮ ਅਤੇ ਉਸ ਦੀ ਅੰਸ ਦੇ ਰਾਹੀਂ ਧਰਤੀ ਦੀਆਂ ਸਭ ਕੌਮਾਂ ਨੂੰ ਬਰਕਤ ਦੇਣ ਦੀ ਖ਼ੁਦਾ ਦੀ ਯੋਜਨਾ ਦੱਸੀ ਗਈ ਹੈ। ਟੀਚਰ ਇਹ ਸਮਝਾ ਸਕਦਾ ਹੈ ਕਿ ਖ਼ੁਦਾ ਨੇ ਕਦੇ ਵੀ ਦੁਨੀਆਂ ਨੂੰ ਸ਼ਰ੍ਹਾ ਦੇ ਰਾਹੀਂ ਬਰਕਤ ਦੇਣ ਦੀ ਯੋਜਨਾ ਨਹੀਂ ਬਣਾਈ (ਜੋ ਬਰਕਤ ਦੀ ਬਜਾਇ ਸਰਾਪ ਹੀ ਲਿਆਈ ਸੀ), ਬਲਕਿ ਉਸ ਨੇ ਅਕਾਸ਼ ਅਤੇ ਧਰਤੀ ਦੇ ਰਚੇ ਜਾਣ ਤੋਂ ਵੀ ਬਹੁਤ ਪਹਿਲਾਂ ਸਾਡੇ ਪਾਪਾਂ ਲਈ ਆਪਣੇ ਪੁੱਤਰ ਦੀ ਮੌਤ ਦੇ ਰਾਹੀਂ ਮਨੁੱਖ ਜਾਤੀ ਨੂੰ ਬਰਕਤ ਦੇਣ ਦੀ ਯੋਜਨਾ ਬਣਾਈ ਸੀ। ਸ਼ਰ੍ਹਾ ਦਾ ਮਕਸਦ ਮਨੁੱਖ ਨੂੰ ਯਿਸੂ ਤਕ ਲਿਆਉਣਾ ਸੀ, ਪਰ ਹੁਣ ਯਿਸੂ ਦਾ ਵਿਸ਼ਵਾਸ ਆ ਚੁੱਕਿਆ ਹੈ ਤਾਂ ਅਸੀਂ ਸ਼ਰ੍ਹਾ ਦੇ ਅਧੀਨ ਨਹੀਂ ਹਾਂ ਬਲਕਿ ਯਿਸੂ ਮਸੀਹ ਦੇ ਨਵੇਂ ਨੇਮ ਦੇ ਅਧੀਨ ਹਾਂ।

ਪਾਠ 3. ''ਭਲਾ ਯਿਸੂ ਮਨੁੱਖ ਲਈ ਨਵਾਂ ਢੰਗ ਹੈ?'' ਵਿਚ ਵਿਖਾਇਆ ਗਿਆ ਹੈ ਕਿ ਮਨੁੱਖ ਜਾਤੀ ਲਈ ਬਚਾਏ ਜਾਣ ਦਾ *ਢੰਗ* ਜਾਨਵਰਾਂ ਦੀਆਂ ਕੁਰਬਾਨੀਆਂ ਵਾਲੀ ਸ਼ਰ੍ਹਾ *ਨਹੀਂ* ਬਲਕਿ ਯਿਸੂ ਹੈ ਜਿਸ ਦਾ ਪ੍ਰਚਾਰ ਯਰੂਸ਼ਲਮ ਤੋਂ ਸ਼ੁਰੂ ਹੋ ਕੇ ਸਾਰੀ ਦੁਨੀਆਂ ਵਿਚ ਹੋਇਆ। ਟੀਚਰ ਵਿਖਾ ਸਕਦਾ ਹੈ ਕਿ ਕਿਵੇਂ ਖ਼ੁਦਾ ਨੇ ਸਲੀਬ ਤੇ ਯਿਸੂ ਦੀ ਮੌਤ ਦਾ ਪਰਛਾਵਾਂ ਹੋਣ ਲਈ ਜਾਨਵਰਾਂ ਦੀਆਂ ਕੁਰਬਾਨੀਆਂ ਦੀ ਯੋਜਨਾ ਬਣਾਈ ਸੀ। ਉਸ ਦੀ ਮੌਤ ਦੇ ਬਾਅਦ ਯਰੂਸ਼ਲਮ ਤੋਂ ਲੈ ਕੇ ਸਾਰੀ ਦੁਨੀਆਂ ਵਿਚ ਉਸ ਨਵੇਂ ਢੰਗ ਦਾ ਪ੍ਰਚਾਰ ਕੀਤਾ ਜਾ ਸਕਦਾ ਸੀ। ਮਾਫ਼ੀ ਦੇ ਢੰਗ ਦੇ ਰੂਪ ਵਿਚ ਜੋ ਕੁਝ ਯਰੂਸ਼ਲਮ ਵਿਚ ਪ੍ਰਚਾਰ ਕੀਤਾ ਗਿਆ ਸੀ ਉਹੀ ਹਰ ਯੁੱਗ ਵਿਚ ਹਰ ਕੌਮ ਨੂੰ ਕਰਨ ਦੀ ਲੋੜ ਹੈ।

ਪਾਠ 4. ''ਕੀ ਤੁਸੀਂ ਬਚਾਏ ਗਏ ਹੋ?'' ਪਾਠ ਵਿਚ ਵਿਖਾਇਆ ਗਿਆ ਹੈ ਕਿ ਯਿਸੂ ਦੇ ਲਹੂ ਨਾਲ ਮੁਹੱਈਆ ਕਰਵਾਈ ਗਈ ਪਾਪਾਂ ਦੀ ਮਾਫ਼ੀ ਨੂੰ ਪਾਉਣ ਲਈ ਕੀ ਕਰਨ ਦੀ ਲੋੜ ਹੈ। ਟੀਚਰ ਵਿਖਾ ਸਕਦਾ ਹੈ ਕਿ ਜਿਨ੍ਹਾਂ ਨੂੰ ਯਿਸੂ ਬਾਰੇ ਦੱਸਿਆ ਗਿਆ ਹੈ ਉਨ੍ਹਾਂ ਨੂੰ ਯਿਸੂ ਵਿਚ ਵਿਸ਼ਵਾਸ ਕਰਕੇ ਯਿਸੂ ਲਈ ਜਿਉਣ ਦਾ ਇਰਾਦਾ ਕਰਕੇ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਅਤੇ ਬਪਤਿਸਮੇ ਵਿਚ ਯਿਸੂ ਨਾਲ ਦਫ਼ਨਾਏ ਜਾ ਕੇ ਆਪਣੇ ਪਾਪਾਂ ਤੋਂ ਮੁਕਤੀ ਮਿਲਦੀ ਹੈ। ਯਿਸੂ ਦੇ ਲਹੂ ਨਾਲ ਇਹ ਮਾਫ਼ੀ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਲਿਆ ਹੈ। ਉਹ ਸਭ ਜੋ ਮਸੀਹ ਵਿਚ ਹਨ, ਉਹਦੀ ਇਕ ਦੇਹ ਭਾਵ ਮਸੀਹ ਦੀ ਕਲੀਸੀਆ ਵਿਚ ਹਨ।

ਪਾਠ 5. ''ਮਸੀਹ ਦੀ ਕਲੀਸੀਆ ਬਾਰੇ ਬਾਈਬਲ ਕੀ ਦੱਸਦੀ ਹੈ?'' ਪਾਠ ਵਿਚ ਮਸੀਹ ਦੀ ਕਲੀਸੀਆ ਨੂੰ ਸਭ ਮਸੀਹੀ ਲੋਕਾਂ ਨਾਲ ਬਣੀ ਮੰਡਲੀ ਦੇ ਰੂਪ ਵਿਚ ਵਿਖਾਇਆ ਗਿਆ ਹੈ। ਯਿਸੂ ਵਿਸ਼ਵਾਸੀਆਂ ਦੀ ਇਸ ਮੰਡਲੀ ਨੂੰ ਬਣਾਉਣ ਵਾਲਾ, ਬੁਨਿਆਦ, ਸਿਰ ਅਤੇ ਮੁਕਤੀਦਾਤਾ ਹੈ। ਉਨ੍ਹਾਂ ਦਾ ਸਿਰ ਹੋਣ ਕਰਕੇ, ਉਹ ਚਾਹੁੰਦਾ ਹੈ ਕਿ ਉਸ ਦੀ ਦੇਹ ਸੰਗਠਿਤ ਹੋਵੇ ਜੋ ਮਿਲ–ਜੁਲ ਕੇ ਰਹਿੰਦੀ ਹੋਵੇ ਅਤੇ ਉਸ ਵਿਚ ਫੁੱਟ ਨਾ ਹੋਵੇ। ਉਨ੍ਹਾਂ ਨਾਲ ਆਪਣੇ ਪਿਆਰ ਦੀ ਖ਼ਾਤਰ ਉਹ ਉਨ੍ਹਾਂ ਵਾਸਤੇ ਮਰ ਗਿਆ ਸੀ ਤਾਂ ਜੋ ਉਹ ਉਨ੍ਹਾਂ ਨੂੰ ਆਪਣੇ ਲਈ ਬੇਦਾਗ਼ ਜਾਂ ਕਿਸੇ ਅਜਿਹੀ ਚੀਜ਼ ਦੇ ਬਗ਼ੈਰ ਭਾਵ ਪਵਿੱਤਰ ਅਤੇ ਨਿਰਦੋਸ਼ ਠਹਿਰਾਵੇ।

ਪਾਠ 6. ''ਮਸੀਹ ਦੀ ਕਲੀਸੀਆ ਕਿਵੇਂ ਸੰਗਠਿਤ ਸੀ?'' ਪਾਠ ਵਿਚ ਵਿਖਾਇਆ ਗਿਆ ਹੈ ਕਿ ਕਲੀਸੀਆ ਦੇ ਕਦੇ ਨਾ ਬਦਲਣ ਵਾਲੇ ਸੰਗਠਨ ਵਿਚ, ਉਸ ਦਾ ਸਿਰ ਯਿਸੂ, ਅਤੇ ਨੀਂਹ ਬਾਰਾਂ ਰਸੂਲ ਅਤੇ ਨਵੇਂ ਨੇਮ ਦੇ ਨਬੀ ਹਨ। ਐਲਡਰ(ਜ਼) [ਐਲਡਰ ਦਾ ਬਹੁਵਚਨ ਰੂਪ] (ਬਜ਼ੁਰਗ ਜਿਨ੍ਹਾਂ ਨੂੰ ਬਿਸ਼ਪ(ਜ਼) [ਬਿਸ਼ਪ ਦਾ ਬਹੁਵਚਨ ਰੂਪ] ਅਤੇ ਪਾਸਟਰ(ਜ਼) [ਪਾਸਟਰ ਜਾਂ ਪਾਸਬਾਨ ਦਾ ਬਹੁਵਚਨ ਰੂਪ] ਵੀ ਕਿਹਾ ਜਾਂਦਾ ਹੈ), ਸੇਵਕ (ਡੀਕਨ(ਜ਼) [ਡੀਕਨ ਦਾ ਬਹੁਵਚਨ ਰੂਪ]), ਇਵੈਂਜਲਿਸਟ (ਇੰਜੀਲ ਸੁਣਾਉਣ ਵਾਲੇ), ਉਪਦੇਸ਼ਕ (ਟੀਚਰ) ਅਤੇ ਮੈਂਬਰ ਸਥਾਨਕ ਮੰਡਲੀਆਂ ਵਿਚ ਸੇਵਾ ਕਰਦੇ ਹਨ। ਇਨ੍ਹਾਂ ਸਭ ਦੇ ਵੱਖੋ ਵੱਖ ਕੰਮ ਅਤੇ ਯੋਗਤਾਵਾਂ ਹਨ।

ਪਾਠ 7. ''ਕੀ ਤੁਸੀਂ ਖ਼ੁਦਾ ਨੂੰ ਕਬੂਲੇ ਜਾਣ ਯੋਗ ਬੰਦਗੀ ਕਰਦੇ ਹੋ?'' ਪਾਠ ਵਿਚ ਉਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਬੰਦਗੀ ਵਿਚ ਖ਼ੁਦਾ ਸਾਥੋਂ ਚਾਹੁੰਦਾ ਹੈ। ਟੀਚਰ ਸਮਝਾ ਸਕਦਾ ਹੈ ਕਿ ਕਲੀਸੀਆ ਨੂੰ ਉਹੋ ਜਿਹੀ ਬੰਦਗੀ ਦੀ ਤਲਾਸ਼ ਵਿਚ ਰਹਿਣਾ ਚਾਹੀਦਾ ਹੈ ਜੋ ਖ਼ੁਦਾ ਨੂੰ ਕਬੂਲ ਹੋਵੇ, ਭਾਵ ਉਨ੍ਹਾਂ ਨੂੰ ਰੂਹ ਅਤੇ ਸੱਚਾਈ ਨਾਲ ਬੰਦਗੀ ਕਰਨੀ ਚਾਹੀਦੀ

ਹੈ। ਉਸ ਨੇ ਸਾਨੂੰ ਕਿਹਾ ਹੈ ਕਿ ਜੋ ਕੁਝ ਕਰਨ ਦੀਆਂ ਹਦਾਇਤਾਂ ਸਾਨੂੰ ਦਿੱਤੀਆਂ ਹਨ ਅਸੀਂ ਨਾ ਤਾਂ ਉਨ੍ਹਾਂ ਵਿਚ ਕੁਝ ਜੋੜੀਏ ਅਤੇ ਨਾ ਹੀ ਕੁਝ ਕੱਢੀਏ।

ਪਾਠ 8. ''ਤੁਹਾਡਾ ਅਨਾਦੀ ਭਵਿੱਖ ਕੀ ਹੋਵੇਗਾ?'' ਪਾਠ ਵਿਚ ਇਸ ਸੱਚਾਈ ਨੂੰ ਵਿਖਾਇਆ ਗਿਆ ਹੈ ਕਿ ਦੋ ਹੀ ਵਰਗਾਂ ਦੇ ਲੋਕ ਹਨ ਭਾਵ ਮਾਫ਼ੀ ਪਾਏ ਹੋਏ ਪਾਪੀ ਅਤੇ ਉਹ ਪਾਪੀ ਜਿਨ੍ਹਾਂ ਦੀ ਮਾਫ਼ੀ ਨਹੀਂ ਹੋਈ। ਹਰ ਮਨੁੱਖ ਪਾਪੀ ਹੈ ਕਿਉਂਕਿ ਸਭ ਨੇ ਖ਼ੁਦਾ ਦੇ ਮਾਪਦੰਡਾਂ ਨੂੰ ਤੋੜਿਆ ਹੈ। ਉਹ ਪਾਪੀ ਜਿਨ੍ਹਾਂ ਦੇ ਪਾਪ ਮਾਫ਼ ਨਹੀਂ ਹੋਏ ਉਨ੍ਹਾਂ ਦਾ ਭਵਿੱਖ ਬੜਾ ਹੀ ਤਕਲੀਫ਼ਦੇਹ ਅਤੇ ਹਮੇਸ਼ਾ ਦੀ ਸਜ਼ਾ ਵਾਲਾ ਹੋਵੇਗਾ, ਜਦਕਿ ਮਾਫ਼ੀ ਪਾਏ ਹੋਏ ਪਾਪੀ ਦਾ ਭਵਿੱਖ ਸੁਰਗ ਵਿਚ ਖ਼ੁਦਾ ਨਾਲ ਹਮੇਸ਼ਾ ਦਾ ਆਨੰਦ ਹੋਵੇਗਾ। ਮਾਫ਼ੀ ਪਾ ਚੁੱਕੇ ਲੋਕਾਂ ਨੇ ਖ਼ੁਦਾ ਦੀ ਗੱਲ ਮੰਨ ਲਈ ਹੈ ਅਤੇ ਜਿਨ੍ਹਾਂ ਦੀ ਮਾਫ਼ੀ ਨਹੀਂ ਹੋਈ ਉਹ, ਉਹ ਲੋਕ ਹਨ ਜਿਨ੍ਹਾਂ ਨੇ ਉਹਦੀ ਗੱਲ ਨਹੀਂ ਮੰਨੀ। ਮਨੁੱਖ ਦਾ ਅਬਦੀ ਨਿਵਾਸ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਖ਼ੁਦਾ ਦੀ ਮਰਜ਼ੀ ਨੂੰ ਕਿਵੇਂ ਮੰਨਦਾ ਹੈ।

**ਵਿਚਾਰ**

ਇਨ੍ਹਾਂ ਅੱਠ ਪਾਠਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਪੇਸ਼ ਕਰਨ ਦੇ ਲਈ ਵਿਦਿਆਰਥੀ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਜਾਣਾ ਚਾਹੀਦਾ ਹੈ ਕਿ ਉਹਦਾ ਬਚਾਇਆ ਜਾਣਾ ਯਿਸੂ ਤੇ ਨਿਰਭਰ ਹੈ ਅਤੇ ਇਹ ਵੀ ਕਿ ਉਹਦੀ ਜ਼ਿੰਦਗੀ ਉਸ ਵਿਚ ਵਿਸ਼ਵਾਸ ਨਾਲ ਅਤੇ ਉਹਦੀ ਮਰਜ਼ੀ ਨੂੰ ਪੂਰਾ ਕਰਦਿਆਂ ਬੀਤਣੀ ਚਾਹੀਦੀ ਹੈ। ਇਨ੍ਹਾਂ ਪਾਠਾਂ ਨੂੰ ਪੇਸ਼ ਕਰਦਿਆਂ ਯਿਸੂ ਦੇ ਹੱਕ, ਖ਼ੁਦਾ ਦੀ ਕਿਰਪਾ, ਖ਼ੁਦਾ ਦੇ ਪਿਆਰ, ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਯਿਸੂ ਨੂੰ ਵਡਿਆਈ ਦੇਣ ਦੀ ਲੋੜ ਅਤੇ ਯਿਸੂ ਨਾਲ ਆਪਣੇ ਨਿੱਜੀ ਸਬੰਧ ਦੀ ਲੋੜ ਤੇ ਜ਼ੋਰ ਨਾ ਦੇਣ ਵਾਲੇ ਸੰਦੇਸ਼ ਨਾਲ ਟੀਚਰ ਦਾ ਮਕਸਦ ਪੂਰਾ ਨਹੀਂ ਹੋ ਸਕੇਗਾ।

ਜਦ ਟੀਚਰ ਇਸ *ਗਾਈਡ* ਵਿਚਲੇ ਅਧਿਐਨ ਦੇ ਪਾਠਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋ ਜਾਵੇ ਅਤੇ ਉਸ ਨੂੰ ਪੇਸ਼ ਕੀਤੇ ਜਾਣ ਵਾਲੇ ਪਾਠ ਤੇ ਧਿਆਨ ਲਾਉਣਾ ਚਾਹੀਦਾ ਹੈ। ਉਸ ਨੂੰ ਉਸ ਪਾਠ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਉਸ ਪਾਠ ਵਿਚ ਪਾਈਆਂ ਜਾਣ ਵਾਲੀਆਂ ਗੱਲਾਂ ਤੋਂ ਚੰਗੀ ਤਰ੍ਹਾਂ ਵਾਕਿਫ਼ ਹੋ ਜਾਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਨ੍ਹਾਂ ਸਭ ਆਇਤਾਂ ਨੂੰ ਵੀ ਵੇਖੇ ਅਤੇ ਜਾਣ ਲਵੇ ਕਿ ਪਾਠ ਨਾਲ ਕਿਵੇਂ ਜੁੜੀਆਂ ਹਨ। ਇਹ ਸਭ ਕਰਨ ਦੇ ਬਾਅਦ ਉਹ ਪਾਠ ਦੇ ਹਰ ਪਹਿਲੂ ਨੂੰ ਪੇਸ਼ ਕਰਨ ਤੇ ਵਿਚਾਰ ਕਰਨ ਲਈ ਤਿਆਰ ਹੈ।

ਅੱਗੇ ਦਿੱਤੀ ਗਈ ਸਮੱਗਰੀ ਟੀਚਰ ਨੂੰ ਹਰ ਪਾਠ ਦੀ ਤਿਆਰੀ ਅਤੇ ਪੇਸ਼ਕਸ਼ ਵਿਚ ਮਦਦ ਲਈ ਹੈ। ਜ਼ਰੂਰੀ ਨਹੀਂ ਕਿ ਟੀਚਰ ਇਹਦੀ ਵਰਤੋਂ *ਟੀਚਰ ਦੀ ਗਾਈਡ* ਵਿਚ ਦਿੱਤੇ ਸੁਝਾਵਾਂ ਮੁਤਾਬਿਕ ਹੀ ਕਰੇ, ਪਰ ਉਸ ਨੂੰ ਹਰ ਪਾਠ ਪੇਸ਼ ਕਰਨ ਤੋਂ ਪਹਿਲਾਂ ਚਾਹੀਦਾ ਹੈ ਕਿ *ਟੀਚਰ ਦੀ ਗਾਈਡ* ਵਿਚ ਦਿੱਤੀਆਂ ਗੱਲਾਂ ਨੂੰ ਸਮਝਣ ਲਈ ਸਮਾਂ ਕੱਢੇ।